## ਫ਼ਰਿੱਬਟ, ਡੱਡੂ ਕਹਿੰਦਾ ਹੈ… "ਤੁਹਾਡੇ ਬੱਚੇ ਦੀਆਂ ਅੱਖਾਂ ਦੀ ਜਾਂਚ ਕਰਵਾਉਣ ਲਈ ਇਹ ਕਦੇ ਨਾ ਸਮਝੋ ਕਿ ਇਹ ਕੰਮ ਛੇਤੀ ਕੀਤਾ ਹੈ!

ਆਈ ਸੀ … ਆਈ ਲਰਨ Eye See …. Eye Learn (ਅੱਖ ਦੇਖਦੀ ਹੈ … ਅੱਖ ਸਿੱਖਦੀ ਹੈ) ਨਜ਼ਰ ਅਤੇ ਅੱਖ ਦੀ ਸਿਹਤ ਦਾ ਪ੍ਰੋਗਰਾਮ ਹੈ ਜਿਹੜਾ ਮਾਪਿਆਂ ਨੂੰ ਇਹ ਸਮਝਣ ਲਈ ਮਦਦ ਕਰਦਾ ਹੈ ਕਿ ਉਨ੍ਹਾਂ ਨੂੰ ਆਪਣੇ ਬੱਚੇ ਦੀਆਂ ਅੱਖਾਂ ਦੀ ਜਾਂਚ ਕਿਸੇ ਅੱਖਾਂ ਦੇ ਡਾਕਟਰ ਕੋਲੋਂ ਕਿਵੇਂ ਅਤੇ ਕਿਉਂ ਕਰਾਉਣੀ ਚਾਹੀਦੀ ਹੈ।

ਬੱਚਿਆਂ ਨੂੰ 6 ਅਤੇ 12 ਮਹੀਨੇ ਦੀ ਉਮਰ ਵਿਚਕਾਰ, ਫਿਰ 3 ਸਾਲ ਦੀ ਉਮਰ ਹੋਣ 'ਤੇ, ਇਸ ਪਿੱਛੋਂ ਫਿਰ 5 ਸਾਲ ਦੀ ਉਮਰ ਹੋਣ ਸਮੇਂ ਕਿਸੇ ਅੱਖਾਂ ਦੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ (ਨਜ਼ਰ ਮਾਪਣ ਵਾਲਾ ਮਾਹਰ/ਆਪਟੋਮੀਟਰਿਸਟ ਜਾਂ ਅੱਖਾਂ ਦਾ ਡਾਕਟਰ/ਆਫਥੈਮਾਲੋਜਿਸਟ)। ਇਹ ਬਹੁਤ ਜਰੂਰੀ ਹੈ ਕਿ ਸਾਰੇ ਬੱਚੇ ਸਕੂਲ ਵਿਚ ਦਾਖਲ ਹੋਣ ਤੋਂ ਪਹਿਲਾਂ ਅੱਖਾਂ ਦੀ ਘੱਟ ਤੋਂ ਘੱਟ ਇਕ ਪੂਰੀ ਜਾਂਚ ਕਰਾ ਲੈਣ।

### ਕਿਉਂ?

- ਕਈ ਬਿਮਾਰੀਆਂ ਦਾ ਇਲਾਜ ਸਿਰਫ ਉਦੋਂ ਹੀ ਹੋ ਸਕਦਾ ਹੈ ਜੇ ਉਨ੍ਹਾਂ ਦਾ ਮੁੱਢ ਵਿਚ ਹੀ ਪਤਾ ਲੱਗ ਜਾਏ।
- 80% ਛੋਟੇ ਬੱਚਿਆਂ ਦੀ ਸਿੱਖਿਆ ਨਜ਼ਰ ਰਾਹੀਂ ਹੁੰਦੀ ਹੈ – ਉਨ੍ਹਾਂ ਦੀਆਂ ਅੱਖਾਂ ਰਾਹੀਂ।

### ਇਸ ਦਾ ਕੀ ਖਰਚਾ ਹੋਵੇਗਾ?

- ਕਿਸੇ ਅੱਖਾਂ ਦੇ ਡਾਕਟਰ ਕੋਲੋਂ ਜਨਮ ਤੋਂ 18 ਸਾਲ ਤੱਕ ਦੀ ਉਮਰ ਦੇ ਸਾਰਿਆਂ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਦਾ ਖਰਚਾ ਸਰਕਾਰੀ ਯੋਜਨਾ (ਪਲੈਨ) ਰਾਹੀਂ ਦਿੱਤਾ ਜਾਂਦਾ ਹੈ।

### ਮੈਂ ਅੱਖਾਂ ਦੇ ਡਾਕਟਰ ਕਿਵੇਂ ਭਾਲ ਸਕਦੀ/ਸਕਦਾ ਹਾਂ?

- ਤੁਹਾਨੂੰ ਕਿਸੇ ਡਾਕਟਰ ਪਾਸੋਂ ਸਿਫਾਰਸ਼ ਕਰਵਾਉਣ ਦੀ ਲੋੜ ਨਹੀਂ ਹੈ। ਤੁਸੀਂ ਸਿਰਫ ਫ਼ੋਨ ਕਰੋ ਅਤੇ ਮਿਲਣ-ਸਮਾਂ ਨੀਅਤ ਕਰਵਾਉ।
- ਤੁਸੀ ਫ਼ੋਨ-ਬੁੱਕ ਦੇ ਯੈਲੋ ਪੇਜਜ਼ (ਪੀਲੇ ਸਫਿਆਂ) ਵਿਚੋਂ ਲੱਭ ਸਕਦੇ ਹੋ।
- ਤੁਸੀਂ ਅਲਬਰਟਾ ਐਸੋਸੀਏਸ਼ਨ ਆਫ਼ ਆਪਟੋਮੀਟਰਿਸਟਸ ਨੂੰ 780-451-6824 ਜਾਂ 1-800-272-8843 ਤੇ ਫ਼ੋਨ ਕਰੋ।
- ਤੁਸੀਂ www.optometrists.ab.ca ਵੈਬਸਾਈਟ ਤੇ ਜਾਉ ਅਤੇ ਕਲਿਕ ਕਰੋ "Find an Optometrist Near You" (ਆਪਣੇ ਨੇੜੇ ਦੇ ਆਪਟੋਮੀਟਰਿਸਟ ਨੂੰ ਲੱਭੋ)

### ਜੇ ਮੇਰੇ ਬੱਚੇ ਨੂੰ ਐਨਕਾਂ ਦੀ ਲੋੜ ਹੋਵੇ ਤਾਂ ਮੈਂ ਕੀ ਕਰਾਂ?

- ਆਈ ਸੀ … ਆਈ ਲਰਨ Eye See …. Eye Learn (ਅੱਖ ਦੇਖਦੀ ਹੈ … ਅੱਖ ਸਿੱਖਦੀ ਹੈ) ਰਾਹੀਂ ਇੱਕ ਪ੍ਰੋਗਰਾਮ ਹੈ ਜਿਹੜਾ ਕਿੰਡਰਗਾਰਟਨ ਦੇ ਹਰੇਕ ਬੱਚੇ ਨੂੰ ਇੱਕ ਮੁਫ਼ਤ ਐਨਕ ਦਿੰਦਾ ਹੈ।
- ਐਡਮਿੰਟਨ ਦੇ ਆਲੇ-ਦੁਆਲੇ ਦੂਜੇ ਡਿਸਟਰਿਕਟ ਦੇ ਸਕੂਲਾਂ ਕੋਲ ਵੀ ਇਹ ਪ੍ਰੋਗਰਾਮ ਹੈ।

ਇਹ ਤੱਥਾਂ ਦੇ ਪੱਤਰ ਦ ਅਲਬਰਟਾ ਐਸੋਸੀਏਸ਼ਨ ਆਫ਼ ਆਪਟੋਮੀਟਰਿਸਟਸ ਅਤੇ ਮਲਟੀਕਲਚਰਲ ਹੈਲਥ ਬਰੋਕਰਜ਼ ਕੋਆਪ ਦੁਆਰਾ ਇੱਕਠਿਆਂ ਨੇ ਤਿਆਰ ਕੀਤਾ
ਅਲਬਰਟਾ ਚਿਲਡਰਨਜ਼ ਸਰਵਿਸਿਜ਼ ਵੱਲੋਂ ਗਰਾਂਟ ਦੁਆਰਾ ਤਰਜਮਾ ਸੰਭਵ ਹੋ ਸਕਿਆ